# ਜਮਾਤ: ਦਸਵੀਂ

## ਪੰਜਾਬੀ-ਏ

## ਟਰਮ-1 (ਨਵੰਬਰ, 2021)

# 2021-2022

ਸਮਾਂ: 90 ਮਿੰਟ ਲਿਖਤੀ= 30 ਅੰਕ

## ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 2. | **ਸਾਹਿਤ-ਮਾਲ਼ਾ:10**<br>**ਕਵਿਤਾ ਭਾਗ:**<br>ਗੁਰਮਤਿ-ਕਾਵਿ: ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ<br>**ਸੂਫ਼ੀ-ਕਾਵਿ:** ਸ਼ੇਖ਼ ਫ਼ਰੀਦ ਜੀ, ਸ਼ਾਹ ਹੁਸੈਨ ਜੀ<br>**ਕਿੱਸਾ-ਕਾਵਿ:** ਪੀਲੂ, ਵਾਰਿਸ ਸ਼ਾਹ<br>**ਬੀਰ-ਕਾਵਿ:** ਗੁਰੂ ਗੋਬਿੰਦ ਸਿੰਘ ਜੀ<br>**ਵਾਰਤਕ ਭਾਗ:**<br>1. ਰਬਾਬ ਮੰਗਵਾਉਣ ਦਾ ਵਿਰਤਾਂਤ<br>2. ਘਰ ਦਾ ਪਿਆਰ<br>3. ਬੋਲੀ<br>4. ਪ੍ਰਾਰਥਨਾ | 14 |
| 3. | **ਵੰਨਗੀ:10**<br>ਕਹਾਣੀ ਭਾਗ:<br>1. ਕੁਲਫ਼ੀ<br>2. ਮੜ੍ਹੀਆਂ ਤੋਂ ਦੂਰ<br>3. ਅੰਗ-ਸੰਗ<br>ਇਕਾਂਗੀ ਭਾਗ:<br>1. ਬੰਬ ਕੇਸ<br>2. ਨਾਇਕ<br>3. ਸਮੁੰਦਰੋਂ ਪਾਰ | 10 |
| 4. | **ਇੱਕ ਹੋਰ ਨਵਾਂ ਸਾਲ (ਨਾਵਲ) :**<br>ਕਾਂਡ ਇੱਕ- ਸਵੇਰ<br>ਪਾਤਰ-ਚਿਤਰਨ,ਵਾਰਤਾਲਾਪ ਆਧਾਰਿਤ ਪ੍ਰਸੰਗ ਸਹਿਤ ਵਿਆਖਿਆ | 6 |
| | ਕੁੱਲ ਅੰਕ | 30 |

**ਸਾਹਿਤ-ਮਾਲ਼ਾ:10**
**ਵੰਨਗੀ:10**
**ਇੱਕ ਹੋਰ ਨਵਾਂ ਸਾਲ (ਨਾਵਲ)**
**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**

# ਜਮਾਤ: ਦਸਵੀਂ
# ਪੰਜਾਬੀ-ਏ
## ਟਰਮ-1 (ਨਵੰਬਰ, 2021)
# 2021-2022
### ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 90 ਮਿੰਟ ਕੁੱਲ ਅੰਕ (ਲਿਖਤੀ)=30

(1) ਪ੍ਰਸ਼ਨ-ਪੱਤਰ ਦੇ ਕੁੱਲ 3 ਭਾਗ (ੳ), (ਅ) ਤੇ (ੲ) ਹੋਣਗੇ, ਜਿੰਨ੍ਹਾਂ ਵਿੱਚ ਕੁੱਲ 30 ਬਹੁ-ਵਿਕਲਪੀ ਪ੍ਰਸ਼ਨ ਹੋਣਗੇ।
(2) ਹਰੇਕ ਪ੍ਰਸ਼ਨ ਦਾ ਸਹੀ ਉੱਤਰ ਇੱਕ ਅੰਕ ਦਾ ਹੋਵੇਗਾ।
(3) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।
(4) ਕਿਸੇ ਵੀ ਗ਼ਲਤ ਉੱਤਰ ਦੇ ਅੰਕ ਨਹੀਂ ਕੱਟੇ ਜਾਣਗੇ।

## ਵਿਸ਼ੇਸ਼ ਹਦਾਇਤਾਂ

ਪਰੀਖਿਆ ਪੱਖੋਂ ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਭਾਗ (ੳ): ਸਾਹਿਤ-ਮਾਲ਼ਾ:10** **ਕੁੱਲ ਅੰਕ=14**

ਇਸ ਭਾਗ ਵਿੱਚ ਕੁੱਲ **ਚੌਦਾਂ ਬਹੁ-ਵਿਕਲਪੀ ਪ੍ਰਸ਼ਨ (ਪ੍ਰਸ਼ਨ ਨੰ. 1 ਤੋਂ 14 ਤੱਕ)** ਹੋਣਗੇ। ਇਸ ਵਿੱਚ ਪਾਠ-ਪੁਸਤਕ ਦੇ ਭਾਗ-1 ਵਿੱਚ ਸ਼ਾਮਿਲ ਕਾਵਿ-ਧਰਾਵਾਂ ਵਿੱਚੋਂ ਕਵੀ/ਕਵੀ ਦੀ ਰਚਨਾ ਦਾ ਨਾਂ, ਕਵਿਤਾ ਦਾ ਪ੍ਰਸੰਗ, ਵਿਆਖਿਆ, ਕੇਂਦਰੀ/ਮੁੱਖ ਭਾਵ, ਵਿਸ਼ਾ ਸਮੱਗਰੀ ਨਾਲ ਸੰਬੰਧਿਤ **ਸੱਤ (ਪ੍ਰਸ਼ਨ ਨੰ. 1 ਤੋਂ 7 ਤੱਕ)** ਬਹੁ-ਵਿਕਲਪੀ ਪ੍ਰਸ਼ਨ ਹੋਣਗੇ। ਇਸ ਪੁਸਤਕ ਦੇ ਵਾਰਤਕ ਭਾਗ-2 ਵਿੱਚ ਵਾਰਤਕ-ਲੇਖ ਦੇ ਲੇਖਕ/ਰਚਨਾ ਦੇ ਨਾਂ, ਸਾਰ, ਵਿਸ਼ਾ-ਸਮੱਗਰੀ ਨਾਲ ਸੰਬੰਧਿਤ **ਦੋ (ਪ੍ਰਸ਼ਨ ਨੰ. 8 ਤੋਂ 9 ਤੱਕ)** ਬਹੁ-ਵਿਕਲਪੀ ਪ੍ਰਸ਼ਨ ਹੋਣਗੇ। ਇਸੇ ਭਾਗ ਦੇ ਲੇਖਾਂ ਵਿੱਚੋਂ **ਇੱਕ ਪੈਰਾ ਦੇ ਕੇ** ਉਸ ਪੈਰੇ ਵਿੱਚੋਂ **ਪੰਜ (ਪ੍ਰਸ਼ਨ ਨੰ. 10 ਤੋਂ 14 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।

**ਭਾਗ (ਅ): ਵੰਨਗੀ:10** **ਕੁੱਲ ਅੰਕ=10**

ਇਸ ਭਾਗ ਵਿੱਚ ਕੁੱਲ **ਦਸ (ਪ੍ਰਸ਼ਨ ਨੰ. 15 ਤੋਂ 24 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।ਇਸ ਵਿੱਚ ਪਾਠ-ਪੁਸਤਕ ਦੇ ਭਾਗ-1 ਵਿੱਚ ਸ਼ਾਮਿਲ ਕਹਾਣੀਆਂ ਵਿੱਚੋਂ ਕਹਾਣੀ/ ਕਹਾਣੀਕਾਰ ਦਾ ਨਾਂ, ਪਾਤਰਾਂ, ਮੁੱਖ ਭਾਵ, ਵਿਸ਼ਾ ਸਮੱਗਰੀ ਨਾਲ ਸੰਬੰਧਿਤ **ਪੰਜ (ਪ੍ਰਸ਼ਨ ਨੰ. 15 ਤੋਂ 19 ਤੱਕ)** ਬਹੁ-ਵਿਕਲਪੀ ਪ੍ਰਸ਼ਨ ਹੋਣਗੇ। ਇਸ ਪੁਸਤਕ ਦੇ ਇਕਾਂਗੀ ਭਾਗ-2 ਵਿੱਚ ਇਕਾਂਗੀ ਦੇ ਲੇਖਕ/ਰਚਨਾ ਦੇ ਨਾਂ, ਸਾਰ, ਵਿਸ਼ਾ-ਸਮੱਗਰੀ, ਪਾਤਰਾਂ, ਵਾਰਤਾਲਾਪਾਂ ਨਾਲ ਸੰਬੰਧਿਤ **ਦੋ (ਪ੍ਰਸ਼ਨ ਨੰ. 20 ਤੋਂ 21 ਤੱਕ)** ਬਹੁ-ਵਿਕਲਪੀ ਪ੍ਰਸ਼ਨ ਹੋਣਗੇ ਅਤੇ ਸ਼ਾਮਲ ਇਕਾਂਗੀਆਂ ਵਿੱਚੋਂ ਇੱਕ ਵਾਰਤਾਲਾਪ ਦੇ ਕੇ ਉਸ ਵਾਰਤਾਲਾਪ ਦੇ ਅਧਾਰ 'ਤੇ **ਤਿੰਨ ਬਹੁ-ਵਿਕਲਪੀ ਪ੍ਰਸ਼ਨ (ਪ੍ਰਸ਼ਨ ਨੰ. 22 ਤੋਂ 24 ਤੱਕ)** ਪੁੱਛੇ ਜਾਣਗੇ।

**ਭਾਗ (ੲ): ਇੱਕ ਹੋਰ ਨਵਾਂ ਸਾਲ (ਨਾਵਲ)** **ਕੁੱਲ ਅੰਕ=6**

ਇਸ ਭਾਗ ਵਿੱਚ ਕੁੱਲ **ਛੇ (ਪ੍ਰਸ਼ਨ ਨੰ. 25 ਤੋਂ 30 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।ਇਸ ਵਿੱਚ ਪਾਠ-ਪੁਸਤਕ ਦੇ ਸ਼ਾਮਲ ਨਾਵਲ ਵਿੱਚੋਂ ਨਾਵਲ ਦੇ ਪਾਤਰਾਂ, ਵਿਸ਼ਾ-ਸਮੱਗਰੀ, ਵਾਰਤਾਲਾਪ ਦੀ ਵਿਆਖਿਆ ਸੰਬੰਧੀ **ਛੇ (ਪ੍ਰਸ਼ਨ ਨੰ. 25 ਤੋਂ 30 ਤੱਕ)** ਬਹੁ-ਵਿਕਲਪੀ ਪ੍ਰਸ਼ਨ ਹੋਣਗੇ।

ਨਿਰਧਾਰਿਤ ਪਾਠ-ਪੁਸਤਕਾਂ: **ਸਾਹਿਤ-ਮਾਲ਼ਾ-10, ਵੰਨਗੀ:-10, ਇੱਕ ਹੋਰ ਨਵਾਂ ਸਾਲ (ਨਾਵਲ)**

ਪ੍ਰਕਾਸ਼ਕ: **ਪੰਜਾਬ ਸਕੂਲ ਸਿੱਖਿਆ ਬੋਰਡ**